ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848 +91 98146-12006 +91 99882-68982
+1 778-899-1576 +1 778-207-8100
EAGLE EYE
PICK & DROP
CAR RENTALS & TAXI SERVICE 24 HOURS

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria, Nanaimo, Prince George, Kamloops, Kelowna, Oliver, Squamish | ALBERTA Edmonton, Calgary | ONTARIO Ottawa, Brampton, Toronto | QUEBEC Montreal | USA Greater Seattle, Everett, Marysville, Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 33, Issue No.44 Ending Date: Oct 30, 2026

ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARAN
604-613-9100

# ਅਲਬਰਟਾ ਦੇ ਵੋਟਰਾਂ ਨੇ ਵੱਖਵਾਦ ਨੂੰ ਨਕਾਰਿਆ

ਵੈਨਕੂਵਰ:ਅਲਬਰਟਾ ਵਿੱਚ ਭਵਿੱਖ ਨੂੰ ਲੈ ਕੇ ਹੋਏ ਲੋਕ ਮੱਤ ਵਿੱਚ ਤਿੰਨ ਚੌਥਾਈ ਤੋਂ ਵੱਧ ਵੋਟਰਾਂ ਨੇ ਕੈਨੇਡਾ ਦੀ ਏਕਤਾ ਤੇ ਅਖੰਡਤਾ ਦੇ ਹੱਕ ਵਿੱਚ ਭੁਗਤ ਕੇ ਵੱਖਵਾਦੀ ਸੋਚ ਨੂੰ ਨਕਾਰਦਿਆਂ ਦੋ ਕੁ ਸਾਲਾਂ ਤੋਂ ਚਲਾਏ ਜਾ ਰਹੇ ਅੰਦੋਲਨ ਨੂੰ ਠੱਪ ਕਰ ਦਿੱਤਾ ਹੈ।ਬੇਸ਼ੱਕ 10 ਸਵਾਲਾਂ ਵਿੱਚੋਂ ਨਤੀਜਾ ਇੱਕ ਹੀ ਮਹੱਤਵਪੂਰਨ ਸਵਾਲ ‘ਤੇ ਕੇਂਦਰਤ ਹੈ ਕਿ ਲੋਕ ਕੈਨੇਡਾ ਨਾਲ ਰਹਿਣਾ ਜਾਂ ਵੱਖ ਹੋਣਾ ਚਾਹੁੰਦੇ ਹਨ।ਇਸ ਦੇ ਉਤਰ ਵਿੱਚ 76.6 ਫੀਸਦੀ ਲੋਕਾਂ ਨੇ ਏਕਤਾ ਦੇ ਹੱਕ ਵਿੱਚ ਫ਼ਤਵਾ ਦਿੱਤਾ।ਸੰਵਿਧਾਨਕ ਸੋਧਾਂ ਅਤੇ ਫੈਡਰਲ ਦਖ਼ਲਅੰਦਾਜ਼ੀ ਤੇ ਟੈਕਸਾਂ ਬਾਰੇ ਵੋਟਰਾਂ ਤੋਂ ਪੁੱਛੇ ਗਏ 9 ਸਵਾਲਾਂ ਦੇ ਵੋਟਰਾਂ ਵੱਲੋਂ ਦਿੱਤੇ ਗਏ ਜਵਾਬਾਂ ਦੀ ਗਿਣਤੀ ਅਜੇ ਕੀਤੀ ਜਾਣੀ ਹੈ, ਜਿਸ ਨੂੰ ਦੋ ਦਿਨ ਲੱਗ ਸਕਦੇ ਹਨ।ਵੱਖਵਾਦ ਦੀ ਸੋਚ ਕਰੀਬ ਦੋ ਕੁ ਸਾਲ ਪਹਿਲਾਂ ਉਦੋਂ ਉਭਾਰੀ ਗਈ ਸੀ, ਜਦੋਂ ਡੋਨਾਲਡ ਟਰੰਪ ਨੇ ਰਾਸ਼ਟਰਪਤੀ ਦੀ ਚੋਣ ਜਿੱਤਣ ਤੋਂ ਬਾਅਦ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਨ ਲਈ ਕਿਹਾ ਸੀ।ਅਲਬਰਟਾ ਤੋਂ ਬਿਨਾਂ ਸਾਰੇ ਸੂਬਿਆਂ ਦੇ ਲੋਕਾਂ ਨੇ ਟਰੰਪ ਦੀ ਗੱਲ ਨੂੰ ਅਣਸੁਣਿਆ ਕੀਤਾ, ਪਰ ਅਲਬਰਟਾ ਦੀ ਮੁੱਖ ਮੰਤਰੀ ਡੈਨੀਅਲ ਸਮਿੱਥ ਨੇ ਪਾਰਟੀ ਵਿਚਲੇ ਕੁਝ ਆਗੂਆਂ ਦੇ ਹੱਕ ਵਿੱਚ ਬੋਲਦਿਆਂ ਕੈਨੇਡਾ ਦੀ ਫੈਡਰਲ ਸਰਕਾਰ ਵੱਲੋਂ ਅਣਗੌਲਿਆ ਕਰਨ ਦੇ ਦੋਸ਼ ਲਾ ਕੇ ਵੱਖਵਾਦ ਦਾ ਸਮਰਥਨ ਕੀਤਾ ਸੀ ਤੇ ਲੋਕ-ਮੱਤ ਕਰਾਉਣ ਦੀ ਕਾਰਵਾਈ ਸ਼ੁਰੂ ਹੋਈ, ਜਿਸ ਨੂੰ ਉੱਥੋਂ ਦੀ ਉਚ ਅਦਾਲਤ ਨੇ ਵੀ ਇਸ ਕਰਕੇ ਰੱਦ ਕਰ ਦਿੱਤਾ ਸੀ ਕਿ ਸੂਬੇ ਦੇ ਭਵਿੱਖ ਵਿੱਚ ਮੂਲ ਵਾਸੀਆਂ ਨੂੰ ਭਰੋਸੇ ਵਿੱਚ ਨਹੀਂ ਲਿਆ ਜਾ ਰਿਹਾ, ਪਰ ਸਰਕਾਰ ਵੱਲੋਂ ਉਸ ਦੀ ਪ੍ਰਵਾਹ ਨਾ ਕਰਕੇ ਲੋਕ-ਮੱਤ ਪ੍ਰਕਿਰਿਆ ਜਾਰੀ ਰੱਖੀ ਗਈ।ਕੁਝ ਮਹੀਨੇ ਪਹਿਲਾਂ ਕੁਝ ਸਰਵੇਖਣ ਏਜੰਸੀਆਂ ਨੇ ਲੋਕਾਂ ਨੂੰ ਇਹੀ ਸਵਾਲ ਪੁੱਛਿਆ ਸੀ ਤਾਂ ਉਦੋਂ ਵੀ 70 ਫੀਸਦੀ ਲੋਕਾਂ ਨੇ ਵੱਖਵਾਦ ਨੂੰ ਨਕਾਰਿਆ ਸੀ।ਲੋਕਾਂ ਦੀ ਨਬਜ਼ ਪਛਾਣਦੇ ਹੋਏ ਸੂਬੇ ਦੀ ਮੁੱਖ ਮੰਤਰੀ ਡੈਨੀਅਲ ਸਮਿੱਥ ਨੇ ਆਪਣਾ ਸਮਰਥਨ ਵਾਪਸ ਲੈ ਕੇ ਏਕਤਾ ਵਾਲਾ ਰਾਹ ਚੁਣ ਲਿਆ ਤੇ ਪਿਛਲੇ ਹਫ਼ਤੇ ਅਗੇਤੀਆਂ ਵੋਟਾਂ ਸ਼ੁਰੂ ਹੋਣ ਤੋਂ ਬਾਅਦ ਬਿਆਨ ਦਿੱਤਾ ਸੀ ਕਿ ਉਸ ਨੇ ਤਾਂ ਕੈਨੇਡਾ ਨਾਲ ਰਹਿਣ ਦੇ ਹੱਕ ਵਿੱਚ ਵੋਟ ਪਾਈ ਹੈ।ਮਾਹਰਾਂ ਵੱਲੋਂ ਕਿਹਾ ਗਿਆ ਹੈ ਕਿ ਇਸ ਵੋਟਿੰਗ ਦੇ ਨਤੀਜਿਆਂ ਨੇ ਵੱਖਵਾਦ ਨੂੰ ਬਰੇਕ ਲਾ ਦਿੱਤੀ ਹੈ ਤੇ ਕਈ ਦਹਾਕਿਆਂ ਤੱਕ ਵੱਖਵਾਦ ਦੇ ਹੱਕ ਦਾ ਕਾਨੂੰਨੀ ਆਧਾਰ ਖ਼ਤਮ ਹੋ ਗਿਆ ਹੈ।ਇਹ ਨਤੀਜੇ ਸੂਬੇ ਵਿੱਚ ਸੱਤਾਧਾਰੀ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਨੂੰ ਵੀ ਦੋਫਾੜ ਕਰਨਗੇ, ਕਿਉਂਕਿ ਵੱਖਵਾਦ ਨੂੰ ਹਵਾ ਇਸੇ ਪਾਰਟੀ ਵਿਚਲੇ ਕੁਝ ਆਗੂਆਂ ਵੱਲੋਂ ਉਭਾਰ ਕੇ ਉਸ ਦੀ ਅਗਵਾਈ ਕੀਤੀ ਜਾਂਦੀ ਰਹੀ । ਉਨ੍ਹਾਂ ਦਾ ਕਹਿਣਾ ਹੈ ਕਿ ਅੱਗੇ ਤੋਂ ਫੈਡਰਲ ਸਰਕਾਰ ਨੂੰ ਸੂਬੇ ਦੀਆਂ ਮੰਗਾਂ ਵੱਲ ਵਿਸ਼ੇਸ਼ ਧਿਆਨ ਜ਼ਰੂਰ ਦੇਣਾ ਪਵੇਗਾ।ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਹੋਰ ਆਗੂਆਂ ਵੱਲੋਂ ਨਤੀਜੇ ਤੋਂ ਬਾਅਦ ਖ਼ੁਸ਼ੀ ਅਤੇ ਤਸੱਲੀ ਮਹਿਸੂਸ ਕੀਤੀ ਜਾ ਰਹੀ ਹੈ।ਪ੍ਰਧਾਨ ਮੰਤਰੀ ਨੇ ਕਿਹਾ ਕਿ ਵੋਟਰਾਂ ਵੱਲੋਂ ਰਹਿੰਦੇ 9 ਸਵਾਲਾਂ ਦੇ ਨਤੀਜਿਆਂ ‘ਤੇ ਗੌਰ ਕੀਤਾ ਜਾਂਦਾ ਰਹੇਗਾ।

Award Winner Realtor in Fraser Valley
*RESIDENTIAL *COMMERCIAL *AGRICULTURAL
ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਜਾਂ ਵੇਚਣ ਵੇਲੇ ਵਾਜਬ ਰੇਟ ਅਤੇ ਸ਼ਾਨਦਾਰ ਸੇਵਾਵਾਂ ਲਈ ਹਮੇਸ਼ਾਂ ਯਾਦ ਰੱਖੋ
2026
DR. GURVINDER SINGH DHALIWAL
604-825-1550
gurvindersinghprec@gmail.com
WEBSITE:WWW.GURVINDERSINGHDHALIWAL.COM

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

# ਐਡਮਿੰਟਨ ਵਿੱਚ ਖਾਲਿਸਤਾਨ ਰਾਏਸ਼ੁਮਾਰੀ ‘ਚ 23,000 ਤੋਂ ਵੱਧ ਵੋਟਾਂ ਪਈਆਂ



ਐਡਮਿੰਟਨ:ਐਤਵਾਰ ਨੂੰ ਐਡਮਿੰਟਨ ਦੇ ਖਾਲਿਸਤਾਨ ਰਾਏਸ਼ੁਮਾਰੀ ਸ਼ੈਲੀ ਦੇ ਸਮਾਗਮ ਵਿੱਚ 23,000 ਤੋਂ ਵੱਧ ਵੋਟਾਂ ਪਾਈਆਂ ਗਈਆਂ।

18 ਅਕਤੂਬਰ ਨੂੰ ਹਜ਼ਾਰਾਂ ਸਿੱਖ ਅਲਬਰਟਾ ਵਿਧਾਨ ਸਭਾ ਮੈਦਾਨਾਂ ਵਿੱਚ ਇਕੱਠੇ ਹੋਏ। ਪ੍ਰਬੰਧਕਾਂ ਅਨੁਸਾਰ, ਭਾਗੀਦਾਰ ਕੈਨੇਡਾ, ਸੰਯੁਕਤ ਰਾਜ ਅਤੇ ਯੂਰਪ ਤੋਂ ਆਏ ਸਨ।ਇਹ ਸਮਾਗਮ ਗੁਰਪਤਵੰਤ ਸਿੰਘ ਪੰਨੂ ਦੀ ਅਗਵਾਈ ਹੇਠ ਸਿੱਖਸ ਫਾਰ ਜਸਟਿਸ ਦੁਆਰਾ ਆਯੋਜਿਤ ਕੀਤਾ ਗਿਆ ਸੀ।ਪ੍ਰਬੰਧਕਾਂ ਨੇ 23,000 ਤੋਂ ਵੱਧ ਵੋਟਾਂ ਦੀ ਰਿਪੋਰਟ ਕੀਤੀ, ਜਿਸ ਵਿੱਚ ਵੋਟਿੰਗ ਨੂੰ ਮਹੱਤਵਪੂਰਨ ਦੱਸਿਆ ਗਿਆ।ਲੰਬੀਆਂ ਕਤਾਰਾਂ ਦੇ ਵਿਚਕਾਰ ਨਿਰਧਾਰਤ ਸਮਾਪਤੀ ਸਮੇਂ ਤੋਂ ਬਾਅਦ ਵੋਟਿੰਗ ਜਾਰੀ ਰਹੀ।ਇਹ ਸਮਾਗਮ ਵਿਦੇਸ਼ਾਂ ਵਿੱਚ ਸਿੱਖ ਕਾਰਕੁਨਾਂ ਨੂੰ ਘੇਰ ਰਹੀਆਂ ਤਾਜ਼ਾ ਸੁਰੱਖਿਆ ਚਿੰਤਾਵਾਂ ਦੇ ਵਿਚਕਾਰ ਹੋਇਆ। ਪੰਨੂ ਨੇ ਕਿਹਾ ਕਿ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਨੇ ਉਸਨੂੰ 15 ਅਕਤੂਬਰ ਨੂੰ ਇੱਕ ਆਉਣ ਵਾਲੇ ਖ਼ਤਰੇ ਬਾਰੇ ਚੇਤਾਵਨੀ ਦਿੱਤੀ ਸੀ। ਉਸਨੇ ਕਿਹਾ ਕਿ ਐਫਬੀਆਈ ਦੇ ਏਜੰਟ ਉਸਦੀ ਕੈਨੇਡਾ ਦੀ ਯੋਜਨਾਬੱਧ ਯਾਤਰਾ ਤੋਂ ਪਹਿਲਾਂ ਉਸਦੇ ਨਿਊਯਾਰਕ ਨਿਵਾਸ ਸਥਾਨ ‘ਤੇ ਗਏ ਸਨ।

ਪੰਨੂ ਨੂੰ ਕੈਨੇਡਾ ਦੀ ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ ਤੋਂ ਚੇਤਾਵਨੀਆਂ ਮਿਲਣ ਦੀ ਵੀ ਰਿਪੋਰਟ ਮਿਲੀ ਹੈ।ਕਈ ਹੋਰ ਜਨਮਤ ਸੰਗ੍ਰਹਿ ਪ੍ਰਬੰਧਕਾਂ ਨੂੰ ਵੀ ਧਮਕੀਆਂ ਦੀਆਂ ਚੇਤਾਵਨੀਆਂ ਮਿਲੀਆਂ ਹਨ।

ਚੇਤਾਵਨੀਆਂ ਨੇ ਵਿਦੇਸ਼ਾਂ ਵਿੱਚ ਰਾਜਨੀਤਿਕ ਪ੍ਰਗਟਾਵੇ ਦਾ ਅਭਿਆਸ ਕਰਨ ਵਾਲੇ ਸਿੱਖ ਕਾਰਕੁਨਾਂ ਦੀ ਸੁਰੱਖਿਆ ਬਾਰੇ ਚਿੰਤਾਵਾਂ ਨੂੰ ਮੁੜ ਸੁਰਜੀਤ ਕੀਤਾ।ਹਾਲਾਂਕਿ, ਅਧਿਕਾਰੀਆਂ ਨੇ ਜਨਤਕ ਤੌਰ ‘ਤੇ ਇਹ ਸਥਾਪਿਤ ਨਹੀਂ ਕੀਤਾ ਹੈ ਕਿ ਤਾਜ਼ਾ ਰਿਪੋਰਟ ਕੀਤੀ ਗਈ ਧਮਕੀ ਲਈ ਕੌਣ ਜ਼ਿੰਮੇਵਾਰ ਸੀ।

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ ‘ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
604-562-7000, 604-314-0000
#397-8148-128 ST.
(PAYAL BUSINESS CENTRE) SURREY

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

MOHIE Travel Ltd.
#122-32083 Hillcrest Ave, Abbotsford
• DOMESTIC & INTERNATIONAL TICKETS • TOURS • CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan 604-746-9222
Email:mohietravel@gmail.com

Universal Auto Collision Ltd.
• ICBC Claims • Private Claims • Free Courtesy Cars
• Auto Glass Replacement • Free Estimates Fax:604-596-3800
We Moved To New Location
27441-FRASER HWY. ALDERGROVE, BC
ਆਈ. ਸੀ. ਬੀ. ਸੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਐਸਟੀਮੇਟ
ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ
Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ
778-552-0305

FARM AND SPICE

# FARM AND SPICE

## Weekly Special

*Special Sampling in Certain Stores*

## Oct 23 - 29



ਅਨਾਰ
Pomegranate
Each
$2.99



ਰੁਸੈਟ ਆਲੂ
Russet Potatoes
10 Lbs Each
$3.99



ਅਦਰਕ
Ginger
Per lb
$1.49



ਆਵਾਕੈਡੋ
Avocado
Each
$0.99



ਗਾਜਰ
Red Fruit Carrot
Per lb
$0.99



ਸੇਬ
Apple Fuji
Per lb
$0.99



ਸਨਤਰੇ
Large Oranges
Per lb
$0.99




ਵਾਘ ਬਕਰੀ ਚਾਹ
Wagh Bakri Tea
1 Kg
$9.99



ਸ਼ੇਰ ਦਾਲਾਂ
Sher Kabuli Chickpeas / Moong Wash & Moong Whole
4 Lbs
$5.99



ਡਾਬਰ ਸਰ੍ਹੋਂ ਦਾ ਤੇਲ
Dabur Mustard Oil
1 Ltrs
$5.99




ਬ੍ਰਿਟਾਨੀਆ ਸੂਜੀ ਰਸ
Britania Wheat Rusk
305 gms
$1.99




ਵੇਰਕਾ ਦੇਸੀ ਘਿਓ
Verka Desi Ghee
3 Kg
$38.99




ਅਮਾਇਆ ਪਨੀਰ
Amaya Paneer
350 gms
$4.49




ਦਾਵਤ ਚੌਲ
Daawat Everyday Rice
4 Kg
$9.99




ਸ਼ੇਰ ਬੇਸਨ
Sher Besan
4 Lbs
$4.99




ਸ਼ੇਰ ਭੂਰੀ ਖੰਡ
Sher Brow Sugar
8 Lbs
$8.99

*while supply last

Open 7 Days a Week
8:30 am to 10:00 pm

farmandspice.com

#9546-9548 Scott Town Plaza
96 Ave Scott Road Surrey

# 09-10 12830 96 Ave.
Surrey BC | Tel: 604 930 7742

# 103-104 14320 64 Ave.
Surrey BC | Tel: 604 593 6323

# ਆਰ.ਐਸ.ਐਸ ਨੂੰ ਅਮਰੀਕਾ ਦੇ ਹਿੰਦੂਆਂ ਵੱਲੋਂ ਮੋਟੀ ਫੰਡਿੰਗ

ਵਾਸ਼ਿੰਗਟਨ:ਸਿੱਖਾਂ ਨੂੰ ਤਾਂ ਐਵੇਂ ਹੀ ਬਦਨਾਮ ਕੀਤਾ ਜਾਂਦਾ ਹੈ ਕਿ ਉਹ ਬਾਹਰਲੇ ਮੁਲਕਾਂ ਚੋਂ ਸਿੱਖ ਸੰਸਥਾਵਾ ਨੂੰ ਪੈਸੇ ਭੇਜ ਕੇ ਵੱਖਵਾਦੀ ਪ੍ਰਚਾਰ ਕਰਵਾ ਰਹੇ ਹਨ।ਪਰ ਜਿਨਾ ਪੈਸਾ ਅਮਰੀਕਾ ਦੇ ਹਿੰਦੂ ਸੰਗਠਨ ਆਰ ਐਸਐਸ ਨੂੰ ਭੇਜ ਰਹੇ ਹਨ ਉਸਦੇ ਮੁਕਾਬਲੇ ਸਿੱਖਾਂ ਵੱਲੋਂ ਭੇਜਿਆਂ ਜਾਂਦਾ ਪੈਸਾ ਕੁੱਝ ਵੀ ਨਹੀਂ।ਡੱਚ ਮੀਡੀਆ ਵੈੱਬਸਾਈਟ ਬੇਲਿੰਗਕੈਟ, ਜੋ ਖੋਜੀ ਪੱਤਰਕਾਰੀ ਕਰਦੀ ਹੈ, ਨੇ ਖੁਲਾਸਾ ਕੀਤਾ ਹੈ ਕਿ ਅਮਰੀਕਾ ਵਿੱਚ ਦਾਨ ਫੰਡ, ਜਿਸ ਰਾਹੀਂ ਦਾਨੀ ਆਪਣੀ ਪਛਾਣ ਦਾ ਖੁਲਾਸਾ ਕੀਤੇ ਬਿਨਾਂ ਚੈਰੀਟੇਬਲ ਸੰਗਠਨਾਂ ਨੂੰ ਪੈਸੇ ਦੇ ਸਕਦੇ ਹਨ, ਆਰ ਐੱਸ ਐੱਸ ਦੇ ਸੰਗਠਨਾਂ ਨੂੰ ਲੱਖਾਂ ਡਾਲਰ ਭੇਜਣ ਦਾ ਸਾਧਨ ਬਣ ਗਏ ਹਨ।ਅਮਰੀਕਾ ਵਿੱਚ ਰਜਿਸਟਰਡ ਦੋ ਐੱਨ ਜੀ ਓਜ਼ ਨੂੰ 2020 ਅਤੇ 2024 ਦੇ ਵਿਚਕਾਰ ਅਜਿਹੇ ਫੰਡਾਂ ਤੋਂ ਘੱਟੋ-ਘੱਟ ਕਰੀਬ 230 ਕਰੋੜ ਰੁਪਏ ਪ੍ਰਾਪਤ ਹੋਏ। ਇਹ ਐੱਨ ਜੀ ਓਜ਼ ਹਨ ਏਕਲ ਵਿਦਿਆਲਿਆ ਫਾਊਂਡੇਸ਼ਨ ਆਫ ਯੂ ਐੱਸ ਏ ਇੰਕ. (ਏਕਲ ਯੂ ਐੱਸ ਏ) ਅਤੇ ਸੇਵਾ ਇੰਟਰਨੈਸ਼ਨਲ ਇੰਕ. (ਸੇਵਾ ਯੂ ਐੱਸ ਏ) । ਬੇਲਿੰਗਕੈਟ ਨੇ ਇਹ ਰਿਪੋਰਟ ਫਾਰਮ 990, ਯੂ ਐੱਸ ਗੈਰ-ਮੁਨਾਫ਼ਾ ਸੰਗਠਨਾਂ ਲਈ ਲਾਜ਼ਮੀ ਟੈਕਸ ਫਾਈਲਿੰਗ ਦੇ ਨਾਲ-ਨਾਲ ਸੰਗਠਨਾਂ ਦੀਆਂ ਵੈੱਬਸਾਈਟਾਂ, ਪ੍ਰਕਾਸ਼ਨਾਂ ਅਤੇ ਉਨ੍ਹਾਂ ਦੇ ਅਧਿਕਾਰੀਆਂ ਦੇ ਬਿਆਨਾਂ ਦਾ ਅਧਿਐਨ ਕਰਨ ਤੋਂ ਬਾਅਦ ਤਿਆਰ ਕੀਤੀ ਹੈ ।ਰਿਪੋਰਟ ਮੁਤਾਬਕ ਦੋਵਾਂ ਸੰਗਠਨਾਂ ਨੇ 2020 ਅਤੇ 2024 ਦੇ ਵਿਚਕਾਰ 1178 ਲੱਖ ਡਾਲਰ ਦੇ ਯੋਗਦਾਨ ਅਤੇ ਗ੍ਰਾਂਟ ਪ੍ਰਾਪਤ ਕਰਨ ਦੀ ਰਿਪੋਰਟ ਦਿੱਤੀ।ਇਸ ਰਕਮ ਵਿੱਚੋਂ ਘੱਟੋ-ਘੱਟ 244 ਲੱਖ ਡਾਲਰ ਡੋਨਰ-ਐਡਵਾਈਜ਼ਡ ਫੰਡ (ਦਾਨੀ-ਸਲਾਹਕਾਰ ਫੰਡ-ਡੀ ਏ ਐੱਫ) ਚਲਾਉਣ ਵਾਲੀਆਂ 34 ਸੰਸਥਾਵਾਂ ਤੋਂ ਆਏ ਸਨ। ਡੀ ਏ ਐੱਫ ਅਮਰੀਕਾ ਵਿੱਚ ਇੱਕ ਚੈਰੀਟੇਬਲ ਦਾਨ ਪ੍ਰਣਾਲੀ ਹੈ।ਵਿਅਕਤੀ ਫੰਡ ਵਿੱਚ ਪੈਸੇ ਦਾਨ ਕਰਦੇ ਹਨ ਅਤੇ ਟੈਕਸ ਲਾਭ ਪ੍ਰਾਪਤ ਕਰਦੇ ਹਨ । ਫਿਰ ਉਹ ਸਿਫ਼ਾਰਸ਼ ਕਰ ਸਕਦੇ ਹਨ ਕਿ ਪੈਸਾ ਕਿਸ ਚੈਰੀਟੇਬਲ ਸੰਗਠਨ ਜਾਂ ਐੱਨ ਜੀ ਓ ਨੂੰ ਦਿੱਤਾ ਜਾਣਾ ਚਾਹੀਦਾ ਹੈ।ਇਹ ਫੰਡ ਗੈਰ-ਮੁਨਾਫਾ ਸਪਾਂਸਰਿੰਗ ਸੰਗਠਨਾਂ ਵੱਲੋਂ ਮੈਨੇਜ ਕੀਤੇ ਜਾਂਦੇ ਹਨ। ਇਹ ਸੰਗਠਨ ਅਮਰੀਕੀ ਵਿਦੇਸ਼ ਵਿਭਾਗ ਕੋਲ ਫਾਰਮ 990 ਦਾਇਰ ਕਰਦੇ ਹਨ, ਜੋ ਗ੍ਰਾਂਟਾਂ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਦਾਨ ਕੀਤੀ ਗਈ ਰਕਮ ਬਾਰੇ ਵੇਰਵੇ ਪ੍ਰਦਾਨ ਕਰਦਾ ਹੈ।ਹਾਲਾਂਕਿ ਇਹ ਦਸਤਾਵੇਜ਼ ਆਮ ਤੌਰ 'ਤੇ ਅਸਲ ਦਾਨੀ ਦੀ ਪਛਾਣ ਨਹੀਂ ਦੱਸਦੇ ਹਨ।ਇਸ ਤਰ੍ਹਾਂ, ਜਦੋਂ ਕਿ ਪ੍ਰਾਪਤਕਰਤਾ ਸੰਗਠਨ ਦੀ ਪਛਾਣ ਜਨਤਕ ਰਿਕਾਰਡਾਂ ਤੋਂ ਕੀਤੀ ਜਾ ਸਕਦੀ ਹੈ, ਅਸਲ ਦਾਨੀ ਦੀ ਪਛਾਣ ਜਾਂ ਦਾਨ ਦੇ ਸਰੋਤ ਨੂੰ ਅਸਪੱਸ਼ਟ ਰੱਖਿਆ ਜਾ ਸਕਦਾ ਹੈ।

ਅਮਰੀਕਾ ਵਿੱਚ ਤਿੰਨ ਪ੍ਰਮੁੱਖ ਫੰਡਰਾਂ ਵਿੱਚ ਫਿਡੇਲਿਟੀ ਚੈਰੀਟੇਬਲ, ਅਮੈਰੀਕਨ ਆਨਲਾਈਨ ਗਿਵਿੰਗ ਫਾਊਂਡੇਸ਼ਨ (ਏ ਓ ਜੀ ਐੱਫ) ਅਤੇ ਚਾਰਲਸ ਸ਼ਵਾਬ ਨਾਲ ਸੰਬੰਧਤ ਡੀ ਏ ਐੱਫ ਗਿਵਿੰਗ 360 ਸ਼ਾਮਲ ਹਨ।ਇਨ੍ਹਾਂ ਤਿੰਨਾਂ ਨੇ ਮਿਲ ਕੇ ਦੋਵਾਂ ਸੰਸਥਾਵਾਂ ਨੂੰ ਲੱਗਭੱਗ 2 ਕਰੋੜ ਡਾਲਰ, ਜਾਂ 81.7 ਪ੍ਰਤੀਸ਼ਤ, ਡੀ ਏ ਐੱਫ ਗ੍ਰਾਂਟਾਂ ਪ੍ਰਦਾਨ ਕੀਤੀਆਂ। ਇਸ ਵਿਵਸਥਾ 'ਤੇ ਸਵਾਲ ਉਠਾਏ ਗਏ ਹਨ, ਕਿਉਂਕਿ ਦਾਨ ਦਾ ਸਰੋਤ ਹਮੇਸ਼ਾ ਜਨਤਕ ਰਿਕਾਰਡਾਂ ਤੋਂ ਆਸਾਨੀ ਨਾਲ ਉਪਲੱਬਧ ਨਹੀਂ ਹੁੰਦਾ ਹੈ।ਏਕਲ ਵਿਦਿਆਲਿਆ ਫਾਊਂਡੇਸ਼ਨ, ਜੋ ਕਿ ਹਿਊਸਟਨ, ਟੈਕਸਾਸ ਵਿੱਚ ਸਥਿਤ ਹੈ, ਦਾ ਕਹਿਣਾ ਹੈ ਕਿ ਇਸ ਦਾ ਮਿਸ਼ਨ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਬੱਚਿਆਂ ਨੂੰ ਪ੍ਰਾਇਮਰੀ ਸਿੱਖਿਆ ਅਤੇ ਬੁਨਿਆਦੀ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ।ਇਸ ਦਾ ਕੰਮ ਭਾਰਤ ਵਿੱਚ ਏਕਲ ਵਿਦਿਆਲਿਆ ਪ੍ਰੋਜੈਕਟ ਦੇ ਵਿਸਥਾਰ ਨਾਲ ਜੁੜਿਆ ਹੋਇਆ ਹੈ।ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਕਈ ਸਾਲਾਂ ਤੋਂ ਏਕਲ ਵਿਦਿਆਲਿਆ ਦੇ ਸਮਾਗਮਾਂ ਵਿੱਚ ਸ਼ਾਮਲ ਹੁੰਦੇ ਆ ਰਹੇ ਹਨ।

ਦੋਸ਼ ਲੱਗਦੇ ਹਨ ਕਿ ਏਕਲ ਸਕੂਲ ਗਰੀਬ ਅਤੇ ਹਾਸ਼ੀਏ 'ਤੇ ਧੱਕੇ ਗਏ ਭਾਈਚਾਰਿਆਂ ਦੇ ਬੱਚਿਆਂ ਅਤੇ ਔਰਤਾਂ ਵਿੱਚ ਹਿੰਦੂਤਵ ਵਿਚਾਰਧਾਰਾ ਅਤੇ ਮੁਸਲਮਾਨਾਂ ਤੇ ਈਸਾਈਆਂ ਬਾਰੇ ਨਕਾਰਾਤਮਕ ਰੂੜ੍ਹੀਵਾਦੀ ਧਾਰਨਾਵਾਂ ਨੂੰ ਉਤਸ਼ਾਹਤ ਕਰਦੇ ਹਨ। ਸੇਵਾ ਇੰਟਰਨੈਸ਼ਨਲ ਇੰਕ. ਵੀ ਹਿਊਸਟਨ ਵਿੱਚ ਸਥਿਤ ਹੈ ਅਤੇ ਆਪਣੇ-ਆਪ ਨੂੰ ਹਿੰਦੂ ਧਰਮ 'ਤੇ ਅਧਾਰਤ ਇੱਕ ਗੈਰ-ਮੁਨਾਫਾ ਮਾਨਵਤਾਵਾਦੀ ਸੇਵਾ ਸੰਸਥਾ ਵਜੋਂ ਦਰਸਾਉਂਦੀ ਹੈ।2023 ਵਿੱਚ ਆਪਣੇ ਬਾਨੀ ਮੈਂਬਰ ਵੇਦ ਪ੍ਰਕਾਸ਼ ਨੰਦਾ ਦੀ ਮੌਤ 'ਤੇ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ, ਸੰਗਠਨ ਨੇ ਲਿਖਿਆ ਕਿ ਉਹ ਆਰ ਐੱਸ ਐੱਸ ਦੇ ਆਦਰਸ਼ਾਂ ਨੂੰ ਪ੍ਰਣਾਏ ਹੋਏ ਸਨ । ਦਸੰਬਰ 2024 ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸੇਵਾ ਭਾਰਤੀ ਦੀ ਸਥਾਪਨਾ ਵਿੱਚ ਆਰ ਐੱਸ ਐੱਸ ਦੇ ਨੇਤਾਵਾਂ ਦੀ ਭੂਮਿਕਾ ਦੀ ਚਰਚਾ ਕੀਤੀ ਸੀ।ਆਰ ਐੱਸ ਐੱਸ ਭਾਰਤ ਵਿੱਚ ਇੱਕ ਰਜਿਸਟਰਡ ਸੰਗਠਨ ਵਜੋਂ ਕੰਮ ਨਹੀਂ ਕਰਦਾ ਹੈ ਅਤੇ ਇਸ ਦਾ ਕੋਈ ਰਸਮੀ ਮੈਂਬਰਸ਼ਿਪ ਢਾਂਚਾ ਨਹੀਂ ਹੈ। ਆਰ ਐੱਸ ਐੱਸ ਦੇ ਸਰੋਤਾਂ, ਵਿੱਤ, ਪ੍ਰਭਾਵ ਅਤੇ ਗਤੀਵਿਧੀਆਂ ਦੀ ਕੋਈ ਸੁਤੰਤਰ ਨਿਗਰਾਨੀ ਨਹੀਂ ਹੈ । ਜਵਾਬਦੇਹੀ ਅਤੇ ਜਨਤਕ ਜਾਂਚ ਦੀ ਘਾਟ ਸੰਗਠਨ ਦੀ ਵਿਆਪਕ ਪਹੁੰਚ ਅਤੇ ਪ੍ਰਭਾਵ ਨੂੰ ਦੇਖਦੇ ਹੋਏ ਗੰਭੀਰ ਸਵਾਲ ਖੜ੍ਹੇ ਕਰਦੀ ਹੈ।

# ਲਾਈਫ਼ ਸਰਟੀਫਿਕੇਟ ਸੇਵਾਵਾਂ

## ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਐਬਟਸਫੋਰਡ ਵਿਖੇ 7 ਨਵੰਬਰ ਨੂੰ

ਐਬਟਸਫੋਰਡ:-(ਬਰਾੜ-ਭਗਤਾ ਭਾਈ ਕਾ) ਕੈਨੇਡਾ 'ਚ ਰਹਿ ਰਹੇ ਭਾਰਤੀ ਸੇਵਾ ਮੁਕਤ ਅਧਿਕਾਰੀਆਂ ਦੇ ਲਾਈਫ਼ ਸਰਟੀਫਿਕੇਟ ਸੰਬੰਧਤ ਭਾਰਤੀ ਕੌਂਸਲਖਾਨਾ ਦੀ ਟੀਮ 7 ਨਵੰਬਰ ਦਿਨ ਸ਼ਨੀਵਾਰ ਨੂੰ ਏਥੋਂ ਦੇ ਗੁਰਦੁਆਰਾ ਸਾਹਿਬ ਖ਼ਾਲਸਾ ਦੀਵਾਨ ਸੋਸਾਇਟੀ ਵਿਖੇ ਪਹੁੰਚ ਰਹੀ ਹੈ। ਇਸ ਸੰਬੰਧ ਵਿੱਚ ਸਾਰੇ ਸੇਵਾ ਮੁਕਤ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਪਣੀ ਨੌਕਰੀ ਅਤੇ ਆਪਣੇ ਸਾਰੇ ਪਛਾਣ ਪੱਤਰ ਸਮੇਤ ਸਮੇਂ ਸਿਰ ਗੁਰਦੁਆਰਾ ਸਾਹਿਬ ਹੈਰੀਟੇਜ ਵਿਖੇ ਪਹੁੰਚਣ ਨੂੰ ਪਹਿਲ ਦੇਣ।ਇਹ ਟੀਮ ਸਵੇਰੇ 9 ਵਜੇ ਤੋਂ ਸ਼ਾਮ ਦੇ 4 ਵਜੇ ਤੱਕ ਲੋਕਾਂ ਦੀ ਸਹੂਲਤ ਲਈ ਆਪਣਾ ਕੰਮ ਕਰੇਗੀ। ਇਸ ਟੀਮ ਵੱਲੋਂ ਸਿਰਫ਼ ਲਾਈਫ਼ ਸਰਟੀਫਿਕੇਟ ਬਾਰੇ ਹੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਸੰਬੰਧੀ ਸੇਵਾਵਾਂ ਲੈਣ ਦੇ ਚਾਹਵਾਨ ਹੋਰ ਵਧੇਰੇ ਜਾਣਕਾਰੀ ਲੈਣ ਲਈ ਗੁਰਦੁਆਰਾ ਸਾਹਿਬ ਪ੍ਰਬੰਧਕਾਂ ਨਾਲ 604-850-7338, 778-552-8484 ਫੋਨ ਜਰੀਏ ਸੰਪਰਕ ਕੀਤਾ ਜਾ ਸਕਦਾ













# ਭੂਟਾਨ ਦੇ ਰਾਜਾ ਵਾਰ-ਵਾਰ ਬੰਗਲਾਦੇਸ਼ ਕਿਉਂ ਆ ਰਹੇ ਹਨ?



ਢਾਕਾ:ਭੂਟਾਨ ਦੇ ਰਾਜਾ ਜਿਗਮੇ ਖੇਸਰ ਨਾਮਗਯੇਲ ਵਾਂਗਚੁੱਕ ਦੇ ਬੰਗਲਾਦੇਸ਼ ਦੇ ਦੌਰਿਆਂ ਨੇ ਵਿਸ਼ਵਵਿਆਪੀ ਧਿਆਨ ਖਿੱਚਿਆ ਹੈ, ਖਾਸ ਕਰਕੇ ਦੱਖਣੀ ਏਸ਼ੀਆ ਵਿੱਚ। ਦੋ ਮਹੀਨਿਆਂ ਤੋਂ ਵੀ ਘੱਟ ਸਮੇਂ ਵਿੱਚ ਦੂਜੀ ਵਾਰ, ਭੂਟਾਨ ਦੇ ਰਾਜਾ ਜਿਗਮੇ ਖੇਸਰ ਨਾਮਗਯੇਲ ਵਾਂਗਚੁੱਕ ਨੂੰ ਲੈ ਕੇ ਜਾਣ ਵਾਲੀ ਡਰੁਕ ਏਅਰ ਦੀ ਇੱਕ ਉਡਾਣ ਢਾਕਾ ਦੇ ਹਜ਼ਰਤ ਸ਼ਾਹਜਲਾਲ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰੀ। ਇਹ ਸਪੱਸ਼ਟ ਨਹੀਂ ਹੈ ਕਿ ਜਹਾਜ਼ ਕਿਸੇ ਬੰਗਲਾਦੇਸ਼ੀ ਸਿਆਸਤਦਾਨ ਨੂੰ ਮਿਲਣ ਲਈ ਉਤਰਿਆ ਸੀ ਜਾਂ ਤੇਲ ਭਰਨ ਲਈ। ਨੌਰਥਈਸਟ ਨਿਊਜ਼ ਨੇ 27 ਅਗਸਤ ਨੂੰ ਰਿਪੋਰਟ ਦਿੱਤੀ ਸੀ ਕਿ ਡਰੁੱਕਏਅਰ ਰਾਇਲ ਭੂਟਾਨ ਏਅਰਲਾਈਨਜ਼ ਦੀ ਇੱਕ ਉਡਾਣ ਢਾਕਾ ਹਵਾਈ ਅੱਡੇ 'ਤੇ ਉਤਰੀ ਸੀ। ਸਿੰਗਾਪੁਰ ਤੋਂ ਇੱਕ ਵਿਸ਼ੇਸ਼ ਉਡਾਣ ਵੀ ਉਸੇ ਸਮੇਂ ਪਹੁੰਚੀ। ਹੁਣ, ਲਗਭਗ 50 ਦਿਨਾਂ ਬਾਅਦ, ਭੂਟਾਨ ਦੇ ਰਾਜਾ ਦਾ ਜਹਾਜ਼ ਅਚਾਨਕ ਇੱਕ ਵਾਰ ਫਿਰ ਢਾਕਾ ਵਿੱਚ ਉਤਰਿਆ ਹੈ, ਜਿਸ ਨਾਲ ਇਸ ਦੇ ਪਿੱਛੇ ਦੇ ਕਾਰਨ ਬਾਰੇ ਸਵਾਲ ਖੜ੍ਹੇ ਹੋ ਰਹੇ ਹਨ।

# ਭਾਰਤ ਉਬਲ ਰਿਹਾ ਹੈ:ਸਲਮਾਨ ਰਸ਼ਦੀ



ਨਿਊਯਾਰਕ:ਪ੍ਰਸਿੱਧ ਭਾਰਤੀ ਮੂਲ ਦੇ ਲੇਖਕ ਸਲਮਾਨ ਰਸ਼ਦੀ ਅਤੇ ਨਿਊਯਾਰਕ ਦੇ ਮੇਅਰ ਜ਼ੋਹਰਾਨ ਮਮਦਾਨੀ ਦੀ ਮਾਂ, ਮੀਰਾ ਨਾਇਰ ਨੇ ਭਾਰਤ ਵਿੱਚ ਕਾਕਰੋਚ ਜਨਤਾ ਪਾਰਟੀ ਅੰਦੋਲਨ ਦਾ ਸਮਰਥਨ ਕੀਤਾ ਹੈ। ਨਿਊਯਾਰਕ ਵਿੱਚ ਰਸ਼ਦੀ ਨੇ ਕਿਹਾ, "ਕਾਕਰੋਚਾਂ ਦਾ ਜਸ਼ਨ ਨਾ ਮਨਾਉਣਾ ਗਲਤ ਹੋਵੇਗਾ।"ਉਨ੍ਹਾਂ ਅੱਗੇ ਕਿਹਾ ਕਿ ਭਾਰਤ ਦੇ ਨੌਜਵਾਨਾਂ ਨੇ ਲੰਬੇ ਸਮੇਂ ਬਾਅਦ ਉਮੀਦ ਦਾ ਇੱਕ ਪਲ ਪ੍ਰਦਾਨ ਕੀਤਾ ਹੈ। ਨਿਊਯਾਰਕ ਟਾਈਮਜ਼ ਦੀ ਇੱਕ ਰਿਪੋਰਟ ਦੇ ਅਨੁਸਾਰ, ਰਸ਼ਦੀ ਨੇ ਦੀਵਾਲੀ ਤੋਂ ਪਹਿਲਾਂ ਨਿਊਯਾਰਕ ਦੇ ਪਾਸਰੀਨ ਰੈਸਟੋਰੈਂਟ ਵਿੱਚ ਏਸ਼ੀਅਨ ਅਮਰੀਕਨ ਰਾਈਟਰਜ਼ ਵਰਕਸ਼ਾਪ ਲਈ ਫੰਡ ਇਕੱਠਾ ਕਰਨ ਵਾਲੇ ਡਿਨਰ ਦੌਰਾਨ ਇਹ ਟਿੱਪਣੀਆਂ ਕੀਤੀਆਂ। ਦੀਵਾਲੀ ਡਿਨਰ ਦਾ ਆਯੋਜਨ ਭਾਰਤੀ ਮੂਲ ਦੀ ਫਿਲਮ ਨਿਰਮਾਤਾ ਮੀਰਾ ਨਾਇਰ ਦੁਆਰਾ ਕੀਤਾ ਗਿਆ ਸੀ, ਜੋ ਨਿਊਯਾਰਕ ਦੀ ਪਹਿਲੀ ਭਾਰਤੀ-ਅਮਰੀਕੀ ਮੇਅਰ, ਜ਼ੋਹਰਾਨ ਮਮਦਾਨੀ ਦੀ ਮਾਂ ਵੀ ਹੈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

12383-83A Ave, Surrey, BC



SAVVY Immigration Services Inc.

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

*Temporary Visa *Student Visa
*Work Permit *Permanent Immigration
*Humanitarian & Compassionate Cases



Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday



FIXMAN GLASS REPAIR LTD

Auto
Residential
Commercial

"We Are The Clear Choice"

Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service

• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ

2 Locations Serves You

SURREY
#301-14640-64Ave Surrey
Ph:604-657-0003

LANGLEY
#102-5968 205A St
Ph:778-258-3000



Mandeep Dhaliwal

www.fixmanglass.com Email:fixmanglass@gmail.com



Punjab TRAVELS Special offer!

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400
2642 Cedar Park Abbotsford, British Columbia V2T 3S5



SekCheck FINGERPRINTING SERVICES

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

Ph:604-628-4446, 778-536-1188
#255-13711-72Ave Surrey, BC

# ਮੁਸਲਮਾਨ ਨੌਜਵਾਨ ਨੇ ਧਮਕੀਆਂ ਤੋਂ ਬਾਅਦ ਗਰਬਾ ਪ੍ਰੋਗ੍ਰਾਮ ਕੀਤੇ ਰੱਦ

ਨਵੀਂ ਦਿੱਲੀ: ਜੈਪੁਰ ਵਿੱਚ ਨਵਰਾਤਰੀ ਦੌਰਾਨ ਆਯੋਜਿਤ ਗਰਬਾ ਸਮਾਗਮਾਂ ਵਿੱਚ ਸੋਸ਼ਲ ਮੀਡੀਆ ਪ੍ਰਭਾਵਕ ਜਾਵੇਦ ਅਲੀ ਖਾਨ ਦੁਆਰਾ ਦੋ ਯੋਜਨਾਬੱਧ ਪ੍ਰਦਰਸ਼ਨ ਰੱਦ ਕਰ ਦਿੱਤੇ ਗਏ ਹਨ। ਇਹ ਦੋਸ਼ ਲਗਾਇਆ ਗਿਆ ਹੈ ਕਿ ਹਿੰਦੂਤਵ ਸੰਗਠਨਾਂ ਨੇ ਖਾਨ ਨੂੰ ਉਸਦੇ ਗੈਰ-ਹਿੰਦੂ ਸੁਭਾਅ ਕਾਰਨ ਸਮਾਗਮਾਂ ਵਿੱਚ ਹਿੱਸਾ ਲੈਣ ਤੋਂ ਰੋਕ ਦਿੱਤਾ ਸੀ। ਇਤਰਾਜ਼ ਕੀਤਾ ਅਤੇ ਪ੍ਰਬੰਧਕਾਂ ਨੂੰ ਧਮਕੀ ਦਿੱਤੀ।

ਪ੍ਰਬੰਧਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਚੇਤਾਵਨੀ ਦਿੱਤੀ ਗਈ ਸੀ ਕਿ ਜੇਕਰ ਉਹ ਖਾਨ ਨੂੰ ਮਿਲੇ ਤਾਂ ਪ੍ਰਸਤਾਵਿਤ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਤਾਂ ਜਗ੍ਹਾ ਦੀ ਭੰਨਤੋੜ ਕੀਤੀ ਜਾਵੇਗੀ।ਜੈਪੁਰ ਦੇ ਮੋਲਿਸ ਕਲੱਬ ਦੇ ਮਾਲਕ ਰਵੀ ਪਟੇਲ ਨੇ 'ਦ ਵਾਇਰ ਨੂੰ ਦੱਸਿਆ, "ਵਿਸ਼ਵ ਹਿੰਦੂ ਜਾਵੇਦ ਖਾਨ ਦਾ ਪ੍ਰੋਗਰਾਮ ਪ੍ਰੀਸ਼ਦ (ਵੀਐਚਪੀ) ਅਤੇ ਬਜਰੰਗ ਦਲ ਸਮੇਤ ਕਈ ਸੰਗਠਨਾਂ ਦੇ ਇਤਰਾਜ਼ ਤੋਂ ਬਾਅਦ ਰੱਦ ਕਰ ਦਿੱਤਾ ਗਿਆ ਸੀ। ਮੈਨੂੰ ਬਹੁਤ ਸਾਰੇ ਫੋਨ ਕਾਲ ਅਤੇ ਸੁਨੇਹੇ ਆਏ। ਉਸਦੇ ਪ੍ਰੋਗਰਾਮ ਨੂੰ ਤੋੜਨ ਦੀ ਧਮਕੀ ਦਿੱਤੀ ਅਤੇ ਜੇਕਰ ਪ੍ਰੋਗਰਾਮ ਰੱਦ ਨਹੀਂ ਕੀਤਾ ਜਾਂਦਾ ਹੈ ਤਾਂ ਉਹ ਕੁਝ ਵੀ ਕਰ ਸਕਦੇ ਹਨ।



# 'ਮਾਫ਼ੀ ਮੰਗਣ ਨਾਲ ਮਾਨਸਿਕ ਪ੍ਰੇਸ਼ਾਨੀ ਦੀ ਭਰਪਾਈ ਕਿਵੇਂ ਹੋਵੇਗੀ?':ਨੇਹਾ ਸਿੰਘ ਰਾਠੌਰ

## ਏਬੀਪੀ ਨਿਊਜ਼ ਵਿਰੁੱਧ ਮਾਣਹਾਨੀ ਦਾ ਮੁਕੱਦਮਾ ਦਾਇਰ ਕਰੇਗੀ

ਨਵੀਂ ਦਿੱਲੀ: ਉੱਤਰ ਪ੍ਰਦੇਸ਼ ਦੀ ਲੋਕ ਗਾਇਕਾ ਨੇਹਾ ਸਿੰਘ ਰਾਠੌਰ ਏਬੀਪੀ ਨਿਊਜ਼ ਵਿਰੁੱਧ ਮਾਣਹਾਨੀ ਦਾ ਮੁਕੱਦਮਾ ਦਾਇਰ ਕਰਨ ਦੀ ਤਿਆਰੀ ਕਰ ਰਹੀ ਹੈ। ਉਸਨੇ ਦੋਸ਼ ਲਗਾਇਆ ਹੈ ਕਿ ਚੈਨਲ ਨੇ ਉਸਦੇ ਨਾਮ ਅਤੇ ਤਸਵੀਰ ਦੀ ਵਰਤੋਂ ਇੱਕ ਅਜਿਹੀ ਖ਼ਬਰ ਪ੍ਰਸਾਰਿਤ ਕਰਨ ਲਈ ਕੀਤੀ ਜਿਸਦਾ ਉਸ ਨਾਲ ਕੋਈ ਸਬੰਧ ਨਹੀਂ ਸੀ।

ਚੈਨਲ ਨੇ ਬਾਅਦ ਵਿੱਚ ਜਨਤਕ ਤੌਰ 'ਤੇ ਮੁਆਫੀ ਮੰਗੀ, ਇਹ ਸਵੀਕਾਰ ਕਰਦੇ ਹੋਏ ਕਿ ਖ਼ਬਰ ਅਸਲ ਵਿੱਚ ਗਲਤ ਸੀ, ਪਰ ਨੇਹਾ ਕਹਿੰਦੀ ਹੈ ਕਿ ਇਹ ਉਸਦੀ ਸਾਖ ਅਤੇ ਜਨਤਕ ਅਕਸ ਨੂੰ ਹੋਏ ਨੁਕਸਾਨ ਦੀ ਭਰਪਾਈ ਨਹੀਂ ਕਰ ਸਕਦੀ।ਦ ਵਾਇਰ ਨਾਲ ਗੱਲ ਕਰਦੇ ਹੋਏ, ਨੇਹਾ ਨੇ ਕਿਹਾ ਕਿ ਉਹ ਇਸ ਮਾਮਲੇ ਦੀ ਨਿਰਪੱਖ ਜਾਂਚ ਚਾਹੁੰਦੀ ਹੈ ਤਾਂ ਜੋ ਖ਼ਬਰ ਪ੍ਰਸਾਰਣ ਦੇ ਪਿੱਛੇ ਦੇ ਉਦੇਸ਼ ਅਤੇ ਜ਼ਿੰਮੇਵਾਰ ਕੌਣ ਸੀ।

ਉਸਨੇ ਕਿਹਾ ਕਿ ਉਹ ਆਪਣੀ ਕਾਨੂੰਨੀ ਟੀਮ ਨਾਲ ਸਲਾਹ-ਮਸ਼ਵਰਾ ਕਰ ਰਹੀ ਹੈ ਅਤੇ ਅਦਾਲਤ ਦਾ ਦਰਵਾਜ਼ਾ ਖੜਕਾਏਗੀ।



SARDAR JI ACADEMY
...KNOWLEDGE TEST...
CAR, TRUCK, TAXI & AIR BRAKE



ਲਰਨਿੰਗ ਲਾਇਸੈਂਸ ਦੀ ਪੰਜਾਬੀ ਅਤੇ ਅੰਗਰੇਜੀ ਵਿਚ ਤਿਆਰੀ ਕਰਵਾਈ ਜਾਂਦੀ ਹੈ

FORKLIFT TRAINING
ਇਥੇ ਫੋਰਕਲਿਫਟ ਦੇ ਲਾਇਸੈਂਸ ਅਤੇ ਸਿਟੀਜਨਸ਼ਿਪ ਦੀ ਤਿਆਰੀ ਵੀ ਕਰਵਾਈ ਜਾਂਦੀ ਹੈ

Ph:778-892-4655
#201-12885-85Ave, Surrey
Near Gurdwara Dashmesh Darbar

LANGLEY
BANQUET HALL



ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।

• Wedding • Corporate Events
• Private Dinner • Bithday Parties
• Gurudwara and Live Catering

ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।



Call:Davinder S. Grewal
604-537-9759
info@langleybanquethall.com
3227 264 St UNIT #6, Aldergrove, BC V4W 2X3

# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

*21 ਅਕਤੂਬਰ ਦਿਨ ਬੁੱਧਵਾਰ ਸਵੇਰੇ 9 ਵਜੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*23 ਅਕਤੂਬਰ ਸ਼ੁੱਕਰਵਾਰ ਅਨੰਦ ਕਾਰਜ ਕਾਕਾ ਦੀਪ ਸਿੰਘ ਅਤੇ ਬੱਚੀ ਮਨਪ੍ਰੀਤ ਕੌਰ

*24 ਅਕਤੂਬਰ ਦਿਨ ਸ਼ਨਿੱਚਰਵਾਰ ਸਖਨੂਰ ਸਿੰਘ ਸਿੱਧੂ ਪਰਿਵਾਰ ਵੱਲੋਂ ਸਵੇਰੇ 9.30 ਵਜੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ।

*24 ਅਕਤੂਬਰ ਦਿਨ ਸ਼ਨਿੱਚਰਵਾਰ ਜਸਪ੍ਰੀਤ ਸਿੰਘ ਪਰਿਵਾਰ ਵੱਲੋਂ ਸਵੇਰੇ 10.30 ਵਜੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ।

*24 ਅਕਤੂਬਰ ਦਿਨ ਸ਼ਨਿੱਚਰਵਾਰ ਕਪਿਲ ਸਰੀਨ ਪਰਿਵਾਰ ਵੱਲੋਂ ਸ਼ਾਮ 4 ਵਜੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ।

*25 ਅਕਤੂਬਰ ਦਿਨ ਐਤਵਾਰ ਸਵੇਰੇ 9.30 ਵਜੇ ਨਾਜਰ ਸਿੰਘ ਧਾਲੀਵਾਲ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ।

*24 ਅਕਤੂਬਰ ਦਿਨ ਸ਼ਨਿੱਚਰਵਾਰ ਮਾਸਟਰ ਗੁਰਦਿਆਲ ਸਿੰਘ ਜੀ ਦੀ ਯਾਦ ਵਿਚ ਸ਼ਾਮ 4 ਵਜੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ।



## ਗੁਰਬਾਣੀ ਸਿਮਰਨ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੁੰਦੇ ਹਨ

**ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ**

| ਰਾਗੀ ਜੱਥਾ | ਕਥਾਵਾਚਕ | ਤਬਲਾ ਸਿੱਖਣ ਲਈ ਸੰਪਰਕ ਕਰੋ: |
|---|---|---|
| ਸਤਨਾਮ ਸਿੰਘ ਲੁਧਿਆਣੇ ਵਾਲੇ | ਗਿਆਨੀ ਬਲਬੀਰ ਸਿੰਘ ਗੌਹਾਰ | 604-585-0319 |

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਚਰਚਾ ਪੰਜਾਬ ਵਿਚ ਨਸ਼ਿਆਂ ਦੇ ਚਲੰਤ ਮਾਮਲੇ ਬਾਰੇ

ਸੰਨ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਆਪੋ-ਆਪਣੇ ਢੰਗ ਨਾਲ ਵੋਟਰਾਂ ਤਕ ਪਹੁੰਚਣ ਅਤੇ ਉਨ੍ਹਾਂ ਨੂੰ ਪ੍ਰਭਾਵਤ ਕਰਨ ਲਈ ਯਤਨਸ਼ੀਲ ਹਨ । ਆਪ ਵੱਲੋਂ 'ਰੰਗਲਾ ਪੰਜਾਬ' ਬਨਾਉਣ ਲਈ 'ਯੁੱਧ, ਨਸ਼ਿਆਂ ਵਿਰੁਧ', 'ਹਮਾਰੇ ਰਾਮ' ਤੇ 'ਇੱਕ ਸ਼ਾਮ, ਸ਼ਿਵ ਭਗਵਾਨ ਦੇ ਨਾਮ' ਵਰਗੇ ਪ੍ਰੋਗਰਾਮ ਅਤੇ ਭਾਜਪਾ ਵੱਲੋਂ 'ਉਭਰਦਾ ਪੰਜਾਬ' ਉਸਾਰਨ ਤੇ 'ਪੰਜਾਬ ਨਸ਼ਾ-ਮੁਕਤ' ਕਰਨ ਵਰਗੀਆਂ ਯਾਤ੍ਰਾਵਾਂ ਆਦਿਕ, ਸਭ ਉਪਰੋਕਤ ਕਿਸਮ ਦੇ ਯਤਨਾਂ ਵਾਲੀਆਂ ਨਾਟਕੀ ਕਿਰਿਆਵਾਂ ਹਨ । ਰਾਸ਼ਟਰੀ ਪਾਰਟੀਆਂ ਵਿੱਚੋਂ 'ਭਾਜਪਾ' ਕੇਂਦਰੀ-ਸੱਤਾ ਦੀ ਦੁਰਵਰਤੋਂ ਕਰ ਰਹੀ ਹੈ ਅਤੇ 'ਆਪ' ਪੰਜਾਬ ਦੇ ਸਰਕਾਰੀ ਤੰਤਰ ਦਾ ਸਹਾਰਾ ਲੈ ਰਹੀ ਹੈ।ਸੱਤਾ-ਹੀਣ ਹੋਈ ਕਾਂਗਰਸ ਵੀ ਤਰਲੋ-ਮੱਛੀ ਹੋ ਰਹੀ ਹੈ, ਭਾਵੇਂ ਕਿ ਉਸ ਦੇ ਪੰਜਾਬੀ ਆਗੂਆਂ ਦੀ ਧੜੇਬੰਦੀ ਉਹਦੇ ਪ੍ਰਚਾਰ ਨੂੰ ਲਹਿਰ ਬਣਨ ਤੋਂ ਰੋਕ ਰਹੀ ਹੈ ।ਪ੍ਰੰਤੂ, ਇਹ ਤਿੰਨੇ ਪਾਰਟੀਆਂ ਪੰਥਕ ਖੇਤਰ ਦੀ ਧੜੇਬੰਦੀ ਤੇ ਫੁੱਟ ਉੱਤੇ ਗਿਰਝਾਂ ਵਾਲੀ ਨੀਝ ਲਾਈ ਬੈਠੀਆਂ ਹਨ। ਪਰ, ਅਫ਼ਸੋਸ ਕਿ ਖੇਤਰੀ ਪਾਰਟੀਆਂ ਅਖਵਾਉਣ ਵਾਲੇ ਸਾਰੇ ਅਕਾਲੀ ਧੜੇ ਇਸ ਪੱਖੋਂ ਜਾਣ-ਬੁਝ ਕੇ ਅੱਖਾਂ ਮੀਟ ਰਹੇ ਹਨ ।ਸ਼੍ਰੋਮਣੀ ਅਕਾਲੀ ਦਲ (ਬਾਦਲ), ਸ਼੍ਰੋਮਣੀ ਕਮੇਟੀ ਰਾਹੀਂ ਧਾਰਮਿਕ-ਸੱਤਾ ਤੇ ਗੁਰੂ ਕੀ ਗੋਲਕ ਦੀ ਦੁਰਵਰਤੋਂ ਕਰ ਰਿਹਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੁਬਿਧਾ-ਜਨਕ ਸਥਿਤੀ ਵਿੱਚ ਵਿਚਰਦਾ ਹੋਇਆ ਅਜੇ 'ਸੰਵਾਦ ਯਾਤਰਾ' ਸ਼ੁਰੂ ਕਰਨ ਲਈ ਸੋਚ ਰਿਹਾ ਹੈ । ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ) ਸਿੱਖ ਜਗਤ ਦੇ ਜਜ਼ਬਾਤਾਂ ਨਾਲ ਖੇਲ ਕੇ ਜਿੱਤਣ ਦੀ ਆਸ ਲਗਾਈ ਬੈਠਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੀ ਖ਼ਾਲਿਸਤਾਨ ਦੇ ਪਰਦੇ ਹੇਠ ਆਪਣੀ ਹੋਂਦ ਪ੍ਰਗਟਾਊ ਚਾਲੇ ਚੱਲ ਰਿਹਾ ਹੈ।ਪੰਥ-ਦਰਦੀ ਪੁਕਾਰ ਰਹੇ ਹਨ ਕਿ ਸਾਡੇ ਗੁਰੂ ਸਾਹਿਬਾਨ ਨੇ "ਝੂਠੁ ਧੜੇ ਕਰਿ, ਪਛੋਤਾਹਿ " ਦੀ ਗੁਹਾਰ ਲਾ ਕੇ "ਹਮਾਰਾ ਧੜਾ, ਹਰਿ ਰਹਿਆ ਸਮਾਈ " {ਗੁਰੂ ਗ੍ਰੰਥ ਸਾਹਿਬ-ਪੰ. 366} ਦਾ ਐਲਾਨ ਕੀਤਾ ਹੈ। ਜੇ ਤੁਸੀਂ ਸੱਤਾ ਦੇ ਲਾਲਚ ਵਿੱਚ ਗੁਰੂ ਦੀ ਗੱਲ ਮੰਨ ਕੇ ਧੜੇਬੰਦੀ ਨਹੀਂ ਵੀ ਛੱਡਣੀ, ਨਾ ਛੱਡੋ । ਪਰ, ਗੁਰੂ ਦਾ ਵਾਸਤਾ ਜੇ ਘੱਟ ਤੋਂ ਘੱਟ ਸੀਟਾਂ ਦੀ ਵੰਡ ਤਾਂ ਕਰ ਲਵੋ । ਪਰ, ਜਾਪਦਾ ਹੈ ਕਿ ਉਨ੍ਹਾਂ ਦੀ ਇਸ ਨੇਕ ਸਲਾਹ ਨੂੰ ਵੀ ਅਣਗੌਲਿਆ ਕੀਤਾ ਜਾ ਰਿਹਾ ਹੈ ।ਕਾਰਣ ਹੈ ਕਿ ਸੱਤਾ ਦੀ ਲਾਲਸਾ ਵਿਚ ਅੰਧੇ ਹੋਏ ਅਕਾਲੀ-ਧੜੇ ਗੁਰਬਾਣੀ ਦੇ ਗੁਰਮਤੀ ਚਾਨਣ ਵਿੱਚ ਵੀ 'ਹਮਾਰੇ ਰਾਮ' ਨਾਟਕ ਬਾਰੇ ਬੋਲਣ ਦੀ ਹਿੰਮਤ ਨਹੀਂ ਰੱਖਦੇ, ਜਿਹੜੀ ਵੈਦਿਕ ਦਰਸ਼ਨ ਦੀਆਂ ਪੌਰਾਣਿਕ ਪੁਸਤਕਾਂ 'ਤੇ ਅਧਾਰਿਤ ਆਖਦੀ ਹੈ "ਰੋਵੈ ਰਾਮੁ, ਨਿਕਾਲਾ ਭਇਆ ॥ ਸੀਤਾ, ਲਖਮਣੁ, ਵਿਛੁੜਿ ਗਇਆ॥" {ਗੁਰੂ ਗ੍ਰੰਥ ਸਾਹਿਬ-ਪੰ. 954} 'ਇੱਕ ਸ਼ਾਮ, ਸ਼ਿਵ ਭਗਵਾਨ ਦੇ ਨਾਮ' ਪ੍ਰੋਗਰਾਮ ਬਾਰੇ ਵੀ ਉਨ੍ਹਾਂ ਆਗੂਆਂ ਨੇ ਕੀ ਬੋਲਣਾ ? ਜਿਹੜੇ ਅਗਿਆਨਤਾ ਵੱਸ 'ਬਚਿਤ੍ਰ ਨਾਟਕ' ਅੰਦਰਲੇ 'ਚੰਡੀ ਚਰਿਤ੍ਰ ਉਕਤਿ ਬਿਲਾਸ ਦੇ ਅੱਠਵੇਂ ਅਧਿਆਇ ਵਿਚਲੇ 231ਵੇਂ ਸਵੈਈਏ "ਦੇਹ ਸਿਵਾ ! ਬਰੁ ਮੋਹਿ ਇਹੈ; ਸੁਭ ਕਰਮਨ ਤੇ ਕਬਹੂੰ ਨ ਟਰੋ ॥231॥" ਨੂੰ ਸਿੱਖਾਂ ਦਾ 'ਰਾਸ਼ਟਰੀ ਗੀਤ' ਐਲਾਨ ਚੁੱਕੇ ਹੋਣ। ਹੈਰਾਨੀ ਦੀ ਗੱਲ ਹੈ ਕਿ ਇੱਕ ਪਾਸੇ ਪੰਜਾਬ ਵਿੱਚ "ਯੁੱਧ, ਨਸ਼ਿਆਂ ਵਿਰੁਧ ਚੱਲ ਰਿਹਾ ਹੈ ਅਤੇ ਦੂਜੇ ਪਾਸੇ ਅਜਿਹੇ ਧਾਰਮਕ ਸਥਾਨਾਂ 'ਤੇ ਸਰਕਾਰੀ ਖ਼ਜ਼ਾਨੇ 'ਚੋਂ ਕਰੋੜਾਂ ਰੁਪੈ ਖਰਚੇ ਜਾ ਰਹੇ ਹਨ, ਜਿਥੇ ਨਸ਼ਿਆਂ ਦੀ ਮਾਂ ਸ਼ਰਾਬ ਦਾ ਚੜ੍ਹਾਵਾ ਚੜ੍ਹਦਾ ਤੇ ਪ੍ਰਸ਼ਾਦ ਵਰਤਾਇਆ ਜਾਂਦਾ ਹੈ।ਉਸ ਸ਼ਿਵ ਭਗਵਾਨ ਦੇ ਨਾਮ, ਸ਼ਾਮ ਦੇ ਰੰਗਲੇ ਪ੍ਰੋਗਰਾਮ ਕੀਤੇ ਜਾ ਰਹੇ ਹਨ, ਜਿਸ ਬਾਰੇ 'ਭਾਸ਼ਾ ਵਿਭਾਗ ਪੰਜਾਬ' ਦਾ ਛਪਿਆ 'ਹਿੰਦੂ ਮਿਥਿਹਾਸ ਕੋਸ਼ ਕਹਿੰਦਾ ਹੈ ਕਿ ਉਹ "ਕਈ ਵਾਰੀ ਮਦ (ਸ਼ਰਾਬ) ਪਾਨ ਵਿਚ ਰੁਝ ਜਾਂਦਾ ਹੈ ਅਤੇ ਮਸਤ ਹੋ ਕੇ ਆਪਣੀ ਪਤਨੀ ਦੇਵੀ ਨਾਲ ਬੜੇ ਉੱਗਰ ਰੂਪ ਵਿਚ ਤਾਂਡਵ ਨਾਚ ਕਰਦਾ ਹੈ।" {ਐਡੀਸ਼ਨ ਦੂਜੀ 1973, ਪੰਨਾ 123}

ਇਹ ਠੀਕ ਹੈ ਕਿ ਪੰਜਾਬ, ਸਰਹੱਦੀ ਇਲਾਕਾ ਹੋਣ ਤੋਂ ਇਲਾਵਾ ਸੱਤਾਧਾਰੀ ਆਗੂਆਂ ਦੀ ਮਾਇਕ ਭੁੱਖ ਤੇ ਬੇਰੁਜ਼ਗਾਰੀ ਕਾਰਣ ਨਸ਼ਿਆਂ ਦੀ ਮਾਰ ਝੱਲ ਰਿਹਾ ਹੈ।ਇਥੇ ਨਸ਼ਾਖੋਰੀ ਇੱਕ ਬੇਹੱਦ ਸੰਵੇਦਨਸ਼ੀਲ ਤੇ ਚਿੰਤਾਜਨਕ ਸਿਆਸੀ ਮੁੱਦਾ ਬਣ ਚੁੱਕਾ ਹੈ।ਪਰ ਰਾਸ਼ਟਰੀ ਰਾਜਨੀਤਕ ਪਾਰਟੀਆਂ ਵੱਲੋਂ ਭਾਰਤ ਭਰ ਵਿਚੋਂ ਕੇਵਲ ਪੰਜਾਬ ਵਿੱਚ ਹੀ ਨਸ਼ਿਆਂ ਦਾ ਰੌਲਾ ਕਿਉਂ? ਪ੍ਰਸਿੱਧ ਪਤਰਕਾਰ 'ਜੇਤਿੰਦਰ ਪਨੂੰ' ਨੇ ਵੀ ਇੱਕ ਵੀਡੀਓ ਰਾਹੀਂ ਸੁਆਲ ਖੜ੍ਹਾ ਕੀਤਾ ਹੈ ਕਿ "ਨਸ਼ਿਆਂ ਵਿਰੁੱਧ ਮੁਹਿੰਮ ਤੇ ਯਾਤਰਾ ਦੌਰਾਨ ਨੁਕਤਾਚੀਨੀ ਸਿਰਫ ਪੰਜਾਬ ਦੀ ਹੀ ਕਿਉਂ ? ਕੀ ਬਾਕੀ ਦੇ ਭਾਜਪਾਈ ਰਾਜਾਂ ਵਿਚੋਂ ਨਸ਼ਾ ਖ਼ਤਮ ਹੋ ਚੁੱਕਾ ਹੈ ? ਮਹਾਂਰਾਸ਼ਟਰ ਵਿਚ ਭਾਜਪਾ ਤੇ ਕੇਰਲਾ ਵਿੱਚ ਕਾਂਗਰਸ ਦੀ ਸਰਕਾਰ ਹੈ, ਜਿਥੇ ਦੇਸ਼ ਦੇ ਤਾਜ਼ੇ ਅੰਕੜਿਆਂ ਅਨੁਸਾਰ ਤਹਿਤ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਵਰਤੋਂ ਵਿਰੁੱਧ ਸਭ ਤੋਂ ਵਧੇਰੇ ਕੇਸ ਦਰਜ ਕੀਤੇ ਜਾ ਚੁੱਕੇ ਹਨ।ਗੁਜਰਾਤ ਦੀ ਪੁਲੀਸ ਤੇ ਗ੍ਰਹਿ ਵਿਭਾਗ ਦੇ ਅਧਿਕਾਰਤ ਬਿਆਨਾਂ ਮੁਤਾਬਕ ਪਿਛਲੇ ਪੰਜ ਸਾਲਾਂ ਵਿਚ 13600 ਕਰੋੜ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਹਨ।3700 ਤੋਂ ਵਧ ਕੇਸ ਦਰਜ ਹੋਏ ਹਨ ਅਤੇ 5346 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸੰਨ 2021 ਤੋਂ 2024 ਤਕ ਗੁਗਰਾਤ ਦੀਆਂ ਬੰਦਰਗਾਹਾਂ ਤੋਂ 3407 ਕਿਲੋਗ੍ਰਾਮ ਨਸ਼ੀਲੇ ਪਦਾਰਥ ਫੜੇ ਗਏ ਹਨ, ਜਿਨ੍ਹਾਂ ਦੀ ਬਜ਼ਾਰ ਵਿਚ ਕੀਮਤ 7350 ਕਰੋੜ ਦੱਸੀ ਗਈ ਹੈ।ਇਨ੍ਹਾਂ ਬੰਦਰਗਾਹਾਂ ਤੋਂ 94.19 ਲੱਖ ਨਸ਼ੀਲੀਆਂ ਗੋਲੀਆਂ ਵੀ ਜ਼ਬਤ ਕੀਤੀਆਂ ਗਈਆਂ ਹਨ। ਇੰਟਰਨੈਟ ਰਾਹੀਂ ਇਹ ਵੀ ਜਾਣਕਾਰੀ ਮਿਲਦੀ ਹੈ ਕਿ ਭਾਰਤ ਵਿਚ ਨਸ਼ਿਆਂ ਦੀ ਬਲੈਕ ਦਾ 65% ਹਿੱਸਾ ਗੁਜਰਾਤ ਦੇ ਰਸਤੇ ਹੀ ਆਉਂਦਾ ਹੈ।ਨੈਸ਼ਨਲ ਕਰਾਈਮ ਰੀਕਾਰਡਜ਼ ਬਿਊਰੋ ਮੁਤਾਬਿਕ ਕੇਵਲ ਸੰਨ 2021 ਵਿਚ ਗੁਜਰਾਤੀ ਬੰਦਰਗਾਹਾਂ ਤੋਂ 3 ਟਨ ਦੇ ਲਗਭਗ ਹੀਰੋਇਨ ਫੜੀ ਗਈ ਸੀ।ਅੰਕੜਿਆਂ ਸਹਿਤ ਇਹ ਸਭ ਕੁਝ ਲਿਖਣ ਦਾ ਭਾਵਾਰਥ ਹੈ ਕਿ ਭਾਜਪਾ ਕੋਲ ਅਜਿਹਾ ਕਿਹੜਾ ਜਾਦੂ ਹੈ ਕਿ ਉਹ ਪੰਜਾਬ ਵਿਚੋਂ ਨਸ਼ਿਆਂ ਦੇ ਪਰਕੋਪ ਤੇ ਵਰਤਾਰੇ ਨੂੰ ਖ਼ਤਮ ਕਰ ਦੇਵੇਗੀ । ਮੈਨੂੰ ਤਾਂ ਇਉਂ ਜਾਪਦਾ ਹੈ ਕਿ ਰਾਸ਼ਟਰੀ ਪਧਰ ਦੀਆਂ ਰਾਜਨੀਤਕ ਪਾਰਟੀਆਂ ਚੋਣਾਂ ਮੌਕੇ ਨਸ਼ਿਆਂ ਦਾ ਸ਼ੋਰ ਮਚਾ ਕੇ ਅਤੇ ਪੰਜਾਬ ਨੂੰ ਇਉਂ ਬਦਨਾਮ ਕਰਕੇ, ਇਸ ਸੂਬੇ ਅੰਦਰਲੇ ਗੁਰਮਤੀ ਪ੍ਰਭਾਵ ਦੇ ਪ੍ਰਕਾਸ਼ ਨੂੰ ਧੁੰਧਲਾ ਕਰਨਾ ਚਹੁੰਦੀਆਂ ਹਨ।ਕਾਰਣ ਹੈ ਕਿ ਵਿਚਾਰਧਾਰਕ ਪੱਖੋਂ ਇਹ ਤੱਥ ਸੂਰਜਵਤ ਪ੍ਰਗਟ ਹੈ ਕਿ ਭਾਵੇਂ ਸੰਸਾਰ ਭਰ ਦੇ ਮਜ਼ਹਬੀ ਗ੍ਰੰਥਾਂ ਨੇ ਨਸ਼ਿਆਂ ਨੂੰ ਮਨੁੱਖਤਾ ਲਈ ਹਾਨੀਕਾਰਕ ਦੱਸਿਆ ਹੈ।ਪਰ, ਇਸ ਦੇ ਬਾਵਜੂਦ ਵੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਹੀ ਮਾਨਵੀ ਸਮਾਜ ਨੂੰ ਨਸ਼ਿਆਂ ਦੀ ਮਾਰੂ ਲਤ ਤੋਂ ਬਚਾਉਣ ਦੀ ਸਮਰਥਾ ਰੱਖਦਾ ਹੈ।ਕਾਰਣ ਹੈ ਕਿ ਅਨਮਤੀਆਂ ਦੇ ਕਲਪਤ ਸੁਰਗ ਅਤੇ ਬਹਿਸ਼ਤ, ਉਨ੍ਹਾਂ ਦੇ ਅਨੁਆਈਆਂ ਅੰਦਰ ਨਸ਼ੇ ਦੀ ਆਸ ਬਣਾਈ ਰੱਖਦੇ ਹਨ।ਭਾਈ ਪਰਵਿੰਦਰ ਸਿੰਘ ਮਾਨਸਾ ਇਸ ਹਕੀਕਤ ਨੂੰ ਸਮਝ ਚੁੱਕਾ ਸੀ। ਇਸ ਲਈ ਉਸ ਨੇ ਆਪਣੀ ਕੁਰਬਾਨੀ ਤਾਂ ਦੇ ਦਿੱਤੀ, ਪਰ ਉਹ ਯੋਧਾ ਪਿੱਛੇ ਨਹੀਂ ਹਟਿਆ। ਭੁੱਲ-ਚੁਕ ਮੁਆਫ਼ ਕਰਨੀ ਜੀ ।



ਮਾਨਵਤਾ ਦਾ ਹਿਤੂ : ਜਗਤਾਰ ਸਿੰਘ ਜਾਚਕ, ਨਿਊਯਾਰਕ

# ਸ਼ਾਹ ਨੂੰ ਸ਼ਹੀਦ ਕਿਸਾਨਾਂ ਦੇ ਪਰਿਵਾਰ ਕਦੇ ਚੇਤੇ ਨਹੀਂ ਆਏ:ਮਾਨ

ਚੰਡੀਗੜ:-ਮੁੱਖ ਮੰਤਰੀ ਭਗਵੰਤ ਮਾਨ ਨੇ ਪਰਵਿੰਦਰ ਸਿੰਘ ਝੋਟਾ ਕਤਲ ਕਾਂਡ ਦੀ ਸੀ ਬੀ ਆਈ ਜਾਂਚ ਦੀ ਸਿਫਾਰਸ਼ ਕਰਨ ਦਾ ਐਲਾਨ ਕੀਤਾ।ਮੁੱਖ ਮੰਤਰੀ ਨੇ ਐੱਕਸ 'ਤੇ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਵਿੱਚ ਸਰਕਾਰ ਝੋਟਾ ਦੇ ਪਿਤਾ ਅਤੇ ਪਰਵਾਰ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।ਉਨ੍ਹਾ ਦੱਸਿਆ ਕਿ ਇਹ ਕੇਸ ਸੀ ਬੀ ਆਈ ਨੂੰ ਸੌਂਪਣ ਦਾ ਫੈਸਲਾ ਪੀੜਤ ਪਰਵਾਰ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਹੈ।ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪੰਜਾਬ ਫੇਰੀ 'ਤੇ ਸਵਾਲ ਚੁੱਕਦਿਆਂ ਭਾਜਪਾ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਸਲਾਹ ਦਿੱਤੀ ਹੈ।ਉਨ੍ਹਾਂ ਕਿਹਾ ਕਿ ਭਾਜਪਾ ਸ਼ਾਸਤ ਸੂਬਿਆਂ ਵਿੱਚ ਗੈਂਗਸਟਰ ਤੇ ਨਸ਼ਾ ਵਧ-ਫੁੱਲ ਰਿਹਾ ਹੈ ਅਤੇ ਹਰਿਆਣਾ ਗੈਂਗਸਟਰਾਂ ਦੀ ਨਰਸਰੀ ਬਣ ਗਿਆ ਹੈ । ਉਨ੍ਹਾ ਵੀਡੀਓ ਸੁਨੇਹੇ ਵਿੱਚ ਕਿਹਾ ਕਿ ਜਦੋਂ ਦਿੱਲੀ ਅੰਦੋਲਨ ਵਿੱਚ ਪੰਜਾਬ ਦੇ 700 ਕਿਸਾਨ ਸ਼ਹੀਦ ਹੋ ਗਏ ਸਨ ਤਾਂ ਉਸ ਵੇਲੇ ਅਮਿਤ ਸ਼ਾਹ ਉਨ੍ਹਾਂ ਪਰਵਾਰਾਂ ਨਾਲ ਦੁੱਖ ਵੰਡਾਉਣ ਕਿਉਂ ਨਹੀਂ ਆਏ ਸਨ।ਉਨ੍ਹਾਂ ਕਿਹਾ ਕਿ ਭਾਜਪਾ ਚੋਣਾਂ ਕਰਕੇ ਹੁਣ ਹੋਛੀ ਸਿਆਸਤ 'ਤੇ ਉੱਤਰ ਆਈ ਹੈ । ਮੁੱਖ ਮੰਤਰੀ ਨੇ ਕਿਹਾ ਕਿ ਜੋ ਭਾਜਪਾ ਹੁਣ ਪੰਜਾਬ ਦੇ ਫਿਕਰ ਦਾ ਢੌਂਗ ਕਰ ਰਹੀ ਹੈ, ਉਸ ਨੂੰ ਉਦੋਂ ਤਾਂ ਪੰਜਾਬ ਦੀ ਚਿੰਤਾ ਨਹੀਂ ਹੋਈ, ਜਦੋਂ ਪੰਜਾਬ ਦੇ ਹੱਕਾਂ 'ਤੇ ਡਾਕੇ ਮਾਰੇ ਗਏ।ਉਨ੍ਹਾਂ ਬੀ ਬੀ ਐੱਮ ਬੀ ਵਿੱਚ ਪੰਜਾਬ ਦੀ ਨੁਮਾਇੰਦਗੀ ਵਿੱਚ ਕਟੌਤੀ, ਚੰਡੀਗੜ੍ਹ ਸੈਨੇਟ ਵਿੱਚ ਕੱਟ ਅਤੇ ਪਾਣੀਆਂ ਦੇ ਹੱਕ ਦੀ ਅਣਦੇਖੀ ਦੀ ਮਿਸਾਲ ਦਿੱਤੀ।ਮੁੱਖ ਮੰਤਰੀ ਨੇ ਐੱਨ ਡੀ ਪੀ ਐੱਸ ਕਾਨੂੰਨ ਨੂੰ ਸਖਤ ਕੀਤੇ ਜਾਣ ਦੀ ਮੰਗ ਕੀਤੀ ਅਤੇ ਇਹ ਵੀ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਪੰਜਾਬ ਨੂੰ ਇਮੋਸ਼ਨਲ ਬਲੈਕਮੇਲ ਕਰਨ ਵਿੱਚ ਜੁਟੇ ਹਨ, ਪਰ ਪੰਜਾਬੀ ਭਾਜਪਾ ਦੀ ਧੱਕੇਸ਼ਾਹੀ ਨੂੰ ਭੁੱਲੇ ਨਹੀਂ।


SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗ੍ਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886
SINGH THIND & ASSOCIATES
BARRISTERS & SOLICITORS


RE-ELECT
MANDEEP
DHALIWAL
SURREY NORTH
CONSERVATIVE
PARTY OF BRITISH COLUMBIA
ADVANCE POLLING - 16th to 21st OCTOBER, 2026
ELECTION DAY - 24th OCTOBER, 2026

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada






## ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਹੋ ਰਹੇ ਪ੍ਰੋਗਰਾਮਾਂ ਦਾ ਵੇਰਵਾ

**ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਜੋਤੀ ਜੋਤ ਸ਼੍ਰੀ ਗੁਰੂ ਹਰਿ ਰਾਏ ਸਾਹਿਬ ਜੀ, ਗੁਰਤਾ ਗੱਦੀ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਬਰਸੀ ਮਹਾਰਾਜਾ ਦਲੀਪ ਸਿੰਘ ਜੀ, ਸ਼ਹੀਦੀ ਭਾਈ ਕੰਵਰਜੀਤ ਸਿੰਘ, ਭਾਈ ਨਿਰਮਲ ਸਿੰਘ ਮੀਆਂ ਵਿੰਡ ਮਨਾਏ ਜਾਣਗੇ।**

*22 ਅਕਤੂਬਰ ਦਿਨ ਵੀਰਵਾਰ ਸ਼੍ਰੀ ਅਖੰਡ ਪਾਠ ਸਾਹਿਬ ਭਾਈ ਜਗਵੀਰ ਸਿੰਘ ਰਹਿਲ ਪਰਿਵਾਰ ਵੱਲੋਂ
*22 ਅਕਤੂਬਰ ਦਿਨ ਵੀਰਵਾਰ ਭੋਗ ਸਹਿਜ ਪਾਠ ਸਾਹਿਬ ਭਾਈ ਚਮਕੌਰ ਸਿੰਘ ਪਰਿਵਾਰ ਵੱਲੋਂ
*23 ਅਕਤੂਬਰ ਦਿਨ ਸ਼ੁੱਕਰਵਾਰ 5 ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ:
1)ਭਾਈ ਮਨਜੀਤ ਸਿੰਘ ਸੱਲ ਪਰਿਵਾਰ (2)ਭਾਈ ਪਲਵਿੰਦਰ ਸਿੰਘ (3) ਭਾਈ ਚਰਨ ਸਿੰਘ ਜੀ ਵਿਰਕ ਪਰਿਵਾਰ ਵੱਲੋਂ ਪ੍ਰਕਾਸ਼ ਪੁਰਬ ਸ਼੍ਰੀ ਗੁਰੂ ਰਾਮ ਦਾਸ ਜੀ ਨੂੰ ਸਮਰਪਿਤ (4)ਗੜਸ਼ੰਕਰ ਦੀ ਸੰਗਤ ਵੱਲੋਂ ਭਾਈ ਤਿਲਕੂ ਜੀ ਦੀ ਯਾਦ ਵਿੱਚ (5)ਭਾਈ ਪਰਵਿੰਦਰ ਸਿੰਘ ਝੋਟੇ ਦੀ ਆਤਮਿਕ ਸ਼ਾਂਤੀ ਲਈ
*23 ਅਕਤੂਬਰ ਦਿਨ ਸ਼ੁੱਕਰਵਾਰ ਫਿਊਨਰਲ 1 ਵਜੇ ਭਾਈ ਅਮਰਜੀਤ ਸਿੰਘ ਚੀਮਾ, ਪਾਠ ਦੇ ਭੋਗ 3 ਵਜੇ ਪੈਣਗੇ।
*24 ਅਕਤੂਬਰ ਦਿਨ ਸ਼ਨਿੱਚਰਵਾਰ 3 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ:
(1)ਭਾਈ ਜਸਪਾਲ ਸਿੰਘ (2)ਭਾਈ ਗੁਰਪਿੰਦਰ ਸਿੰਘ ਸੰਧੂ (3)ਦਿਓਲ ਪਰਿਵਾਰ ਵੱਲੋਂ
*25 ਅਕਤੂਬਰ ਦਿਨ ਐਤਵਾਰ 6 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ:(1)ਬੀਬੀ ਹਰਜੀਤ ਕੌਰ ਪਰਿਵਾਰ (2)ਭਾਈ ਜਸਵਿੰਦਰ ਸਿੰਘ ਜੀ ਸ਼ੋਕਰ (3)ਭਾਈ ਸੁਖਮਨ ਸਿੰਘ ਦਿਓਲ (4)ਭਾਈ ਪਰਮਿੰਦਰ ਸਿੰਘ (5)ਬੀਬੀ ਕੁਲਵੰਤ ਕੌਰ (6)ਭਾਈ ਗੁਰਪ੍ਰੀਤ ਸਿੰਘ ਮਾਨ
*25 ਅਕਤੂਬਰ ਦਿਨ ਐਤਵਾਰ ਫਿਊਨਰਲ 3 ਵਜੇ ਭਾਈ ਮਲਕੀਤ ਸਿੰਘ ਰੰਧਾਵਾ, ਭੋਗ ਸਹਿਜ ਪਾਠ 5 ਵਜੇ ਪਾਏ ਜਾਣਗੇ।
*25 ਅਕਤੂਬਰ ਦਿਨ ਐਤਵਾਰ ਸ਼੍ਰੀ ਅਖੰਡ ਪਾਠ ਸਾਹਿਬ ਬੀਬੀ ਨਵਨੀਤ ਕੌਰ ਪਰਿਵਾਰ ਵੱਲੋਂ।

**ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਦਰਬਾਰ ਵਿਚ ਹਾਜਰੀ ਭਰ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਜੀਵਨ ਸਫਲਾ ਕਰੋ ਜੀ**

**ਗੁਰਦੁਆਰਾ ਸਾਹਿਬ ਵਿਖੇ ਕੋਈ ਵੀ ਸੇਵਾ ਲੈਣ ਅਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 604-594-2574 ਤੇ ਸੰਪਰਕ ਕਰੋ ਜੀ**

# ਬੀਸੀ ਕਨਜ਼ਰਵੇਟਿਵਜ਼ ਦੀਆਂ ਕਟੌਤੀਆਂ ਸਰੀ ਵਿੱਚ ਹੈਲਥ ਕੇਅਰ ਨੂੰ ਖਤਰੇ ਵਿੱਚ ਪਾ ਦੇਣਗੀਆਂ।

ਇਹ ਗੱਲ ਸਿਰਫ਼ ਅਸੀਂ ਹੀ ਨਹੀਂ ਕਹਿ ਰਹੇ।
**ਉਨ੍ਹਾਂ ਨੇ ਆਪ ਹੀ ਇਹ ਗੱਲ ਕਹੀ ਹੈ।**



ਉਨ੍ਹਾਂ ਦੀਆਂ ਕਟੌਤੀਆਂ ਦਾ
**"ਸਭ ਤੋਂ ਵੱਧ ਅਸਰ"**
ਹੈਲਥ ਕੇਅਰ 'ਤੇ ਪਵੇਗਾ।

(Source: BC Conservative MLA Tony Luck, Castanet, Feb 2026)

ਸਰੀ ਬੀਸੀ ਕਨਜ਼ਰਵੇਟਿਵਾਂ ਨੂੰ **ਬਰਦਾਸ਼ਤ ਨਹੀਂ ਕਰ ਸਕਦੀ।**

**ਖਤਰੇ ਵਿੱਚ**

- ਸਰੀ ਵਿੱਚ ਨਵਾਂ ਮੈਡੀਕਲ ਸਕੂਲ
- ਸਰੀ ਮੈਮੋਰੀਅਲ ਹਸਪਤਾਲ ਵਿੱਚ MRI ਅਤੇ CT scanners
- ਸਰੀ ਵਿੱਚ Urgent Primary Care Centres
- ਸਰੀ ਲਈ ਡਾਕਟਰ ਅਤੇ ਨਰਸਾਂ
- ਬਜ਼ੁਰਗਾਂ ਲਈ ਸਹੂਲਤਾਂ

**ਖਤਰੇ ਵਿੱਚ**

## ਡੇਵਿਡ ਈਬੀ ਅਤੇ ਬੀ.ਸੀ. ਐਨ.ਡੀ.ਪੀ. ਸਰੀ ਦੇ ਪਰਿਵਾਰਾਂ ਦੇ ਹਿੱਤਾਂ ਦੀ ਰਾਖੀ ਕਰ ਰਹੇ ਹਨ।




